# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 10.11.2022 ਦੀ ਕਾਰਵਾਈ

(ਮਤਾ ਨੰ: **320-322)**

ਨਗਰ ਨਿਗਮ, ਜਲੰਧਰ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 10.11.2022 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ, ਜਲੰਧਰ ਵਿਖੇ, ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ੍ਰੀ ਅਭੀਜੀਤ ਕਪਲਿਸ਼, ਆਈ.ਏ.ਐਸ. ਕਮਿਸ਼ਨਰ .............. ਮੈਂਬਰ
3. ਸ੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ .............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ............... ਮੈਂਬਰ
5. ਸ੍ਰੀ ਗਿਆਨ ਚੰਦ, ਕੌਂਸਲਰ ........................................ ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.11.2022

ਮਤਾ ਨੰਬਰ:-320

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 14.9.2022 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 14.9.2022 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:

ਮਿਤੀ 5.4.2022 ਦੀ ਮੱਦ ਨੰ: 112 ਅਤੇ 122 ਸਬੰਧੀ ਮੇਅਰ ਜੀ ਨੇ ਦੱਸਿਆ ਕਿ ਉਹਨਾਂ ਵਲੋਂ ਇਸ ਸਬੰਧੀ ਕਮਿਸ਼ਨਰ ਜੀ ਨੂੰ ਪੱਤਰ ਲਿਖਿਆ ਗਿਆ ਹੈ ਜਿਸਦਾ ਜਵਾਬ ਅਜੇ ਲੋੜੀਂਦਾ ਹੈ।ਕਮਿਸ਼ਨਰ ਜੀ ਨੇ ਦੱਸਿਆ ਕਿ ਮਿਸਲ ਮੰਗਵਾ ਕੇ ਅਤੇ ਘੋਖਣ ਉਪਰੰਤ ਅਗਲੀ ਮੀਟਿੰਗ ਵਿੱਚ ਇਸ ਸਬੰਧੀ ਜਵਾਬ ਦੇ ਦਿੱਤਾ ਜਾਵੇਗਾ।

- ਮਿਤੀ 25.4.2022 ਦੀ ਲੰਬਤ ਮੱਦ ਨੰ: 244 ਸਬੰਧੀ ਫੈਸਲਾ ਹੋਇਆ ਸੀ ਕਿ ਕਿਉਂ ਜੋ ਇਹ ਸੜਕ ਬਣ ਚੁਕੀ ਹੈ ਇਸ ਲਈ ਇਹ ਟੈਂਡਰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ। ਇਹ ਵੀ ਫੈਸਲਾ ਹੋਇਆ ਸੀ ਕਿ ਪੁਰਾਣੀ ਸਬਜੀ ਮੰਡੀ ਚੌਂਕ ਨੇੜੇ ਸੜਕ ਦੀ ਬਹੁਤ ਮਾੜੀ ਹਾਲ਼ਤ ਹੈ।ਇਸ ਤਖ਼ਮੀਨੇ ਵਿੱਚੋਂ ਇਹ ਸੜਕ ਬਨਾਉਣ ਲਈ ਸਾਈਟ ਬਦਲੀ ਵਾਸਤੇ ਰੀਵਾਈਜ਼ਡ ਤਖ਼ਮੀਨਾ ਤਿਆਰ ਕਰਕੇ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ। ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਤਖ਼ਮੀਨਾਂ ਤਿਆਰ ਕਰ ਲਿਆ ਗਿਆ ਹੈ ਅਤੇ ਕਮੇਟੀ ਵਲੋਂ ਇਸ ਕੰਮ ਦੀ ਸਾਈਟ ਬਦਲੀ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਅਤੇ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ।
- ਇਹਨਾਂ ਤਰਮੀਮਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.11.2022

ਮਤਾ ਨੰ:- 321

ਵਿਸ਼ਾ: Const. of 6th Patshahi Road. Ward No. 44 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 97.21 ਲੱਖ ਟੈਂਡਰ ਅਮਾਉਂਟ ਰੁ: 70.44 ਲੱਖ ਸੇਵਿੰਗ: 27.54%
ਫਰਮ ਦਾ ਨਾਂ:- ਸ਼ਿਵ ਕੁਮਾਰ ਬਾਂਸਲ ਕੰਟਰੈਕਟਰ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 05

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 316 ਮਿਤੀ 14.9.2022 ਸਬੰਧੀ ।

ਪੜਿਆ ਨੋਟ ਬੀ ਐਂਡ ਆਰ ਸ਼ਾਖਾ ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 4.10.2022 ਰਾਹੀਂ ਸਿਫਾਰਸ਼ ਕੀਤੀ ਹੈ ਕਿ ਹਵਾਲੇ ਅਧੀਨ ਮਤੇ ਨੂੰ ਵਿਚਾਰਣ ਉਪਰੰਤ ਫੈਸਲਾ ਹੋਇਆ ਸੀ ਕਿ "ਵਿਚਾਰਣ ਉਪਰੰਤ ਸ੍ਰੀ ਗਿਆਨ ਚੰਦ, ਮੈਂਬਰ ਨੇ ਕਿਹਾ ਕਿ ਕਈ ਵਿਕਾਸ ਦੇ ਕੰਮਾਂ ਦੀਆਂ ਟੈਂਡਰਾਂ ਸਬੰਧੀ ਮਿਸਲਾਂ ਪ੍ਰਵਾਨਗੀ ਹਿੱਤ ਲੰਬਤ ਹਨ ਸਿਰਫ ਇਹੋ ਇੱਕ ਮਿਸਲ ਪ੍ਰਵਾਨਗੀ ਹਿੱਤ ਮੀਟਿੰਗ ਵਿੱਚ ਰੱਖੀ ਗਈ ਹੈ । ਇੰਝ ਪਿਕ ਐਂਡ ਚੂਜ਼ ਨਾ ਕੀਤਾ ਜਾਵੇ । ਜਾਂ ਤਾਂ ਸਾਰੀਆਂ ਮਿਸਲਾਂ ਕਮੇਟੀ ਸਨਮੁੱਖ ਪੇਸ਼ ਕੀਤੀਆਂ ਜਾਣ ਜਾਂ ਫਿਰ ਇਹ ਮੱਦ ਲੰਬਿਤ ਰੱਖੀ ਜਾਵੇ । ਡਿਪਟੀ ਮੇਅਰ ਜੀ ਨੇ ਕਿ ਇਹ ਸੜਕ ਗੁਰਦੁਆਰੇ ਨੂੰ ਜਾਂਦੀ ਹੈ ਅਤੇ ਸੜਕ ਦੀ ਬਹੁਤ ਮਾੜੀ ਹਾਲ੍ਹਤ ਹੈ ਜਿਸ ਤੇ ਫੈਸਲਾ ਹੋਇਆ ਸੀ ਕਿ ਹਾਲ ਦੀ ਘੜੀ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਸੀ ਕਿ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸੜਕ ਦੀ ਮੌਜੂਦਾ ਹਾਲਤ ਦਾ ਮੌਕਾ ਵੇਖ ਕੇ ਆਪਣੀ ਰਿਪੋਰਟ ਪੇਸ਼ ਕਰਨ।

ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਇਸ ਕੰਮ ਦਾ ਦੌਬਾਰਾ ਮੌਕਾ ਦੇਖਿਆ ਗਿਆ ਹੈ । ਮੌਕੇ ਤੇ ਸੜਕ ਦੀ ਹਾਲ੍ਹਤ ਬਹੁਤ ਮਾੜੀ ਹੈ । ਜਿਸ ਕਾਰਣ ਐਕਸੀਡੈਂਟ ਬਹੁਤ ਹੋ ਰਹੇ ਹਨ । ਐਮ.ਐਲ.ਏ. ਸਾਹਿਬ ਵਲੋਂ ਵੀ ਸੜਕ ਬਨਾਉਣ ਲਈ ਕਿਹਾ ਜਾ ਰਿਹਾ ਹੈ । ਕ੍ਰਿਪਾ ਕਰਕੇ ਇਸ ਕੰਮ ਦਾ ਵਰਕ ਆਰਡਰ ਜਲਤ ਤੋਂ ਜਲਦ ਕੀਤਾ ਜਾਵੇ ਤਾਂ ਜ਼ੋ ਐਕਸੀਡੈਂਟ ਨੂੰ ਰੋਕਿਆ ਜਾਵੇ । ਮੌਕੇ ਦੀਆਂ ਲੇਟਸਟ ਫੋਟੋਆਂ ਮਿਸਲ ਵਿੱਚ ਨੱਥੀ ਹਨ ਜੀ ਅਤੇ ਐਮ.ਐਲ.ਏ. ਜੀ ਦਾ ਪੱਤਰ ਵੀ ਨਾਲ ਨੱਥੀ ਹੈ ।

ਰਿਪੋਰਟ ਕਮੇਟੀ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.11.2022

ਮਤਾ ਨੰ:- 322

ਵਿਸ਼ਾ:- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਜੋਨਾਂ ਅਧੀਨ ਚੱਲ ਰਹੇ ਟਿਊਬਵੈਲਾਂ ਦੀ O&M ਦੇ ਟੈਂਡਰਾਂ ਦੀ ਪ੍ਰਵਾਨਗੀ ਬਾਰੇ।

ਉਪਰੋਕਤ ਕੰਮਾਂ ਦੇ ਤਖਮੀਨੇ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾ ਦੀ ਪ੍ਰਵਾਨਗੀ ਹੇਠ ਦਰਸ਼ਾਏ ਟੇਬਲ ਅਨੁਸਾਰ ਨਗਰ ਨਿਗਮ ਹਾਊਸ ਵੱਲੋਂ ਦਿੱਤੀ ਗਈ ਹੈ। ਟੈਂਡਰਾਂ ਨੂੰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਲਗਾਉਣ ਉਪਰੰਤ ਪ੍ਰਾਪਤ ਬਿਡਾਂ ਵਿੱਚੋ ਜਿਆਦਾ ਸੇਵਿੰਗ ਦੇਣ ਵਾਲੀ ਅਜੰਸੀ ਨੂੰ ਅਲਾਟ ਕਰਨ ਸਬੰਧੀ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਹੇਠ ਦਰਸ਼ਾਏ ਟੇਬਲ ਅਨੁਸਾਰ ਪੇਸ਼ ਕੀਤਾ ਗਿਆ ਹੈ:-

| Sr. no | Name of Work | Est Amt | H/Reso & Date | Name of Agency | Last F&CC Reso no |
|---|---|---|---|---|---|
| 1 | Operation, Maintenance and Electrical Repair of 74 Tubewells with time Switches along with Electrical Maintenance of Zone 2 for the Period of 2 Years | 9647294/- | 129(13) 28.10.21 | SKE Engineers | 300 16.08.22 |
| 2 | Operation, Maintenance and Electrical Repair of 94 Tubewells with time Switches along with Electrical Maintenance of Zone 3 for the Period of 2 Years | 11804094/- | 129(14) 28.10.21 | SKE Engineers | 300 16.08.22 |
| 3 | Operation, Maintenance and Electrical Repair of 108 Tubewells with time Switches along with Electrical Maintenance of Zone 4 for the Period of 2 Years | 13897175/- | 129(15) 28.10.21 | SKE Engineers | 300 16.08.22 |
| 4 | Operation, Maintenance and Electrical repair of 56 nos of Tubewells and Engagement of 11 nos of Outsource Staff of Zone 7 for Period of 2 Year | 7347445/- | 51(51) 08.06.22 | Ajay Engg. Co. | 301 16.08.22 |
| 5 | Operation, Maintenance and Electrical Repair of 73 Tubewells and OHSR with time Switches along with Electrical Maintenance of Zone 6 for the Period of 2 years | 10417286/- | 129(16) 28.10.21 | SKE Engineers | 317 14.09.22 |

ਵਿੱਤ ਅਤੇ ਠੇਕਾ ਕਮੇਟੀ ਵੱਲੋਂ ਮਤਾ ਨੰ: 315 ਮਿਤੀ 14.9.2022 ਦੀ ਪੁਸ਼ਟੀ ਵਿੱਚ ਮਾਨਯੋਗ ਕਮਿਸ਼ਨਰ ਜੀ ਨੇ ਸੁਝਾਓ ਦਿੱਤਾ ਕਿ ਇਹਨਾ ਟੈਂਡਰਾਂ ਸਬੰਧੀ ਇਕ ਸਬ ਕਮੇਟੀ ਗਠਿਤ ਕੀਤੀ ਜਾਵੇ ਅਤੇ ਇਹ ਸਬ ਕਮੇਟੀ ਵੱਲੋਂ ਸਰਕਾਰ ਦੀਆਂ ਹਦਾਇਤਾਂ ਅਤੇ ਐਸ.ਓ.ਪੀ ਦੀਆਂ ਗਾਈਡਲਾਇਨਜ਼ ਨਿਗਮ ਦੇ ਵਿੱਤੀ ਹਿੱਤਾ ਨੂੰ ਮੁੱਖ ਰੱਖਦੇ ਹੋਏ ਮੁੜ ਤਿੰਨ ਦਿਨਾ ਦੇ ਅੰਦਰ ਰਿਪੋਰਟ ਪੇਸ਼ ਕਰਨ ਦੀ ਵੀ ਹਦਾਇਤ ਕੀਤੀ ਹੈ ।ਸਬ ਕਮੇਟੀ ਦੇ ਮੈਬਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ:-

1. ਸ੍ਰੀਮਤੀ ਸ਼ਿਖਾ ਭਗਤ (ਸੰਯੁਕਤ ਕਮਿਸ਼ਨਰ)
2. ਨਿਗਰਾਨ ਇੰਜੀਨੀਅਰ (ਓ.ਐਂਡ.ਐਮ)
3. ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ)
4. ਸ: ਬਲਜੀਤ ਸਿੰਘ (ਕਾਰਜਕਾਰੀ ਇੰਜੀਨੀਅਰ)
5. ਡੀ.ਸੀ.ਐਫ.ਏ
6. ਸ੍ਰੀ ਪਵਨ ਕੁਮਾਰ (ਚੇਅਰਮੈਨ ਓ.ਐਂਡ.ਐਮ ਐਡਹਾਕ ਕਮੇਟੀ)

ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਉਪਰੋਕਤ ਦਰਸ਼ਾਏ ਸਬ ਕਮੇਟੀ ਮੈਂਬਰਾਂ ਦੀ ਮੀਟਿੰਗ ਮਿਤੀ 22.9.2022 ਨੂੰ ਸਮਾ 15.30 ਵਜੇ ਸੰਯੁਕਤ ਕਮਿਸ਼ਨਰ ਜੀ ਦੇ ਕਮਰੇ ਵਿੱਚ ਰੱਖੀ ਗਈ ਸੀ, ਸਬ ਕਮੇਟੀ ਮੈਂਬਰਾਂ ਵੱਲੋਂ ਟੇਬਲ ਵਿੱਚ ਦਰਸ਼ਾਏ ਕੰਮਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ, ਜਿਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ:-

Xen (O&M) ਵੱਲੋ ਦਸਿਆ ਗਿਆ ਕਿ:-

1. ਉਪਰੋਕਤ ਟੇਬਲ ਵਿੱਚ ਦਰਸ਼ਾਏ ਕੰਮਾਂ ਦੇ ਤਖਮੀਨੇ ਇੰਜੀਨੀਅਰਿੰਗ ਸ਼ਾਖਾਂ ਵੱਲੋ ਤਿਆਰ ਕੀਤੇ ਗਏ ਸਨ, ਜਿਹਨਾ ਦੀ ਰਕਮ 1.00 Crore ਤੋ ਵੱਧ ਜਾਣ ਕਾਰਨ ਅਤੇ ਸਥਾਨਕ ਸਰਕਾਰ ਵਿਭਾਗ ਵੱਲੋਂ ਜਾਰੀ ਐਸ.ਓ.ਪੀ ਅਨੁਸਾਰ 1.00 ਕਰੋੜ ਦੇ ਓਪਰ ਦੇ ਕੰਮਾਂ ਦੇ ਤਖਮੀਨਿਆਂ ਦੀ ਟੈਕਨੀਕਲ ਵੈਟਿੰਗ ਇਹਨਾ ਤਖਮੀਨੇਆ ਨੂੰ ਚੀਫ ਇੰਜੀਨਿਅਰ ਸਥਾਨਕ ਸਰਕਾਰ ਨੂੰ ਵੈਟ ਕਰਨ ਵਾਸਤੇ ਭੇਜਿਆ ਗਿਆ ਸੀ ।ਚੀਫ ਇੰਜੀਨਿਅਰ ਸਥਾਨਕ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਪਰੋਕਤ ਤਖਮੀਨੇਆਂ ਨੂੰ Principal Secretary, Department of W/S & Sanitation ਪੱਤਰ ਨੰ ATPB/73/DWSS Dt 09.09.2014 ਅਨੁਸਾਰ ਤਿਆਰ ਕਰਨ ਦੀ ਹਦਾਇਤ ਜਾਰੀ ਕੀਤੀ ਗਈ ਸੀ।ਚੀਫ ਇੰਜੀਨਿਅਰ ਸਥਾਨਕ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਹਨਾ ਸਾਰੇ ਤਖਮੀਨੇਆਂ ਨੂੰ ਮੁੜ ਤਿਆਰ ਕਰਕੇ Estimate ਦੀ Technical Vetting ਕਰਨ ਲਈ ਚੀਫ ਇੰਜੀਨਿਅਰ ਸਥਾਨਕ ਸਰਕਾਰ ਨੂੰ ਭੇਜਿਆ ਗਿਆ ਅਤੇ ਉਹਨਾ ਵੱਲੋ ਟੇਬਲ ਵਿੱਚ ਦਰਸ਼ਾਏ ਕੰਮਾਂ ਦੇ ਲੜੀ ਨੰ: 1,2,3 ਅਤੇ 5 ਦੇ ਤਖਮੀਨਿਆਂ ਦੀ

**ਵੈਟਿੰਗ** ਪੱਤਰ ਨੰ: 2021-ਈ.ਸੀ/31355 ਮਿਤੀ 04.8.2021 ਰਾਹੀਂ ਕੀਤੀ ਗਈ ,ਤਖਮੀਨਿਆਂ ਨੂੰ ਵੈਟ ਕਰਨ ਉਪਰੰਤ ਇਹਨਾ ਕੰਮਾਂ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ ਸਨ ਅਤੇ ਕੰਮਾਂ ਦੇ ਪ੍ਰਾਪਤ ਹੋਏ ਟੈਂਡਰਾਂ ਦੀ ਵਿੱਤੀ ਪ੍ਰਵਾਨਗੀ ਵਾਸਤੇ ਮੁੜ ਕੇਸ ਚੀਫ ਇੰਜੀਨੀਅਰ ਸਥਾਨਕ ਸਰਕਾਰ ਵਿਭਾਗ ਨੂੰ ਭੇਜਿਆ ਗਿਆ ਸੀ। ਚੀਫ ਇੰਜੀਨੀਅਰ ਸਥਾਨਕ ਸਰਕਾਰ ਵਿਭਾਗ ਵੱਲੋਂ ਟੈਂਡਰਾਂ ਦੇ ਵਿੱਤੀ ਬਿਡਾਂ ਦੀ ਅੰਤਿਮ ਪ੍ਰਵਾਨਗੀ ਲੜੀ ਨੰ: 1,2,3 ਅਤੇ 5 ਦੇ ਕੰਮਾਂ ਦੀ ਮਿਤੀ 02.5.2022 ਅਤੇ ਲੜੀ ਨੰ: 4 ਦੇ ਕੰਮ ਦੀ ਮਿਤੀ 06.7.2022 ਰਾਹੀਂ ਦਿੱਤੀ। ਇਸ ਤੋ ਇਹ ਸਪਸ਼ਟ ਹੁੰਦਾ ਹੈ ਕਿ ਟੇਬਲ ਵਿੱਚ ਦਰਸ਼ਾਏ ਕੰਮਾਂ ਦੀ ਤਕਨੀਕੀ ਤੋ ਲੈ ਕੇ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ ਸਥਾਨਕ ਸਰਕਾਰ ਵਿਭਾਗ ਵੱਲੋਂ ਲਈ ਗਈ ਹੈ। ਇਸ ਲਈ ਇਹਨਾ ਕੰਮਾਂ ਦੇ ਟੈਂਡਰਾਂ ਸਬੰਧੀ ਅਗੇਤਰ ਜੇਕਰ ਕੋਈ ਕਾਰਵਾਈ ਕਰਨੀ ਹੈ ਤਾ ਉਸ ਬਾਰੇ ਪਹਿਲਾ ਚੀਫ ਇੰਜੀਨੀਅਰ ਸਥਾਨਕ ਸਰਕਾਰ ਵਿਭਾਗ ਤੋ ਰਾਏ ਲੈਣੀ ਜਰੂਰੀ ਹੈ ਜੀ।

2. ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ 315 ਮਿਤੀ 14.09.22 ਦੀ ਪੁਸ਼ਟੀ ਵਿੱਚ ਇਹ ਵੀ ਕਿਹਾ ਗਿਆ ਹੈ ਕਿ "ਮਤਾ ਨੰ 300 ਅਤੇ 301 ਨੂੰ 8 ਭਾਗਾਂ ਵਿੱਚ ਵੰਡ ਕੇ ਲਗਾਇਆ ਜਾਵੇ"। ਇਸ ਸੰਬੰਧੀ Xen (O&M) ਵੱਲੋਂ ਸਰਕਾਰ ਦੀਆਂ ਹਦਾਇਤਾਂ ਅਤੇ ਐਸ.ਓ.ਪੀ ਦੀਆਂ ਗਾਈਡਲਾਇਨਜ਼ ਨੂੰ Review ਕੀਤਾ ਗਿਆ, ਸਥਾਨਕ ਸਰਕਾਰ ਵੱਲੋ ਜਾਰੀ ਐਸ.ਓ.ਪੀ ਦੇ

   Point no 2 Preparation of Estimate ਦੇ Sr. no X ਅਨੁਸਾਰ

   "It has been observed that certain Technical Officers Split Estimates into smaller estimates pertaining to same locality & of similar nature, so as to avoid getting Technical Sanction from the higher Technical officer. No splitting of the estimates is permitted."

   ਉਪਰੋਕਤ ਐਸ.ਓ.ਪੀ ਵਿੱਚ ਦਰਸ਼ਾਈ ਹਦਾਇਤ ਅਨੁਸਾਰ ਵਿਭਾਗ ਵੱਲੋ ਇਹਨਾ ਤਖਮੀਨੇਆਂ ਨੂੰ 8 ਭਾਗਾਂ ਵਿੱਚ ਵੰਡ / Split ਨਹੀ ਕੀਤਾ ਜਾ ਸਕਦਾ ਹੈ ਜੀ।

   ਉਪਰੋਕਤ ਨੂੰ ਮੁੱਖ ਰੱਖਦੇ ਹੋਏ ਕਮੇਟੀ ਵੱਲੋ ਇਹ ਬੇਨਤੀ ਕਿਤੀ ਜਾਂਦੀ ਹੈ ਕਿ ਟੈਂਡਰ ਸੰਬੰਧੀ ਕੋਈ ਵੀ ਤਬਦੀਲੀ ਕਰਨ ਤੋ ਪਹਿਲਾਂ Chief Engineer ਸਥਾਨਕ ਸਰਕਾਰ ਦੀ ਰਾਏ /ਸਹਿਮਤੀ ਲੈਣੀ ਜਰੂਰੀ ਹੈ ਜੀ।

3. ਸਬ ਕਮੇਟੀ ਦੇ ਮੈਂਬਰ ਸ੍ਰੀ ਪਵਨ ਕੁਮਾਰ (ਚੇਅਰਮੈਨ ਓ.ਐਂਡ.ਐਮ ਐਡਹਾਕ ਕਮੇਟੀ) ਜੀ ਵੱਲੋ ਇਹ ਇਤਰਾਜ਼ ਕੀਤਾ ਗਿਆ ਕਿ ਪਹਿਲਾ ਵਿੱਤ ਅਤੇ ਠੇਕਾ ਕਮੇਟੀ ਦੇ ਸਾਰੇ ਮੈਂਬਰਾਂ ਵੱਲੋਂ ਮਤਾ ਨੰ 300, 301 ਮਿਤੀ 16.08.22 ਅਤੇ ਮਤਾ ਨੰ 317 ਮਿਤੀ 14.09.22 ਤੇ ਜੋ ਵਿਚਾਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗਾਂ ਵਿੱਚ ਕੀਤਾ ਗਿਆ ਹੈ ਉਹ ਸਪਸ਼ਟ ਕੀਤਾ ਜਾਵੇ ਜੀ।

4. ਇਥੇ ਇਹ ਵੀ ਦਸਣਯੋਗ ਹੈ ਕਿ ਉਪਰੋਕਤ ਦਰਸ਼ਾਈ ਟੇਬਲ ਅਨੁਸਾਰ ਕੰਮਾਂ ਨੂੰ ਹੁਣ ਅਜੰਸੀ ਵੱਲੋ 120 days ਤੋ ਜਿਆਦਾ ਸਮਾਂ ਹੋਣ ਕਾਰਨ ਅਤੇ ਉਸ ਦੀ ਹੁਣ ਇਸ ਕੰਮ ਕਰਨ ਵਿੱਚ ਦਿਲਚਸਪੀ ਨਹੀ ਹੈ ਦਿਤੇ ਗਏ ਬੇਨਤੀ ਪੱਤਰ ਬਾਰੇ ਵੀ ਸਬ ਕਮੇਟੀ ਦੇ ਮੈਂਬਰਾਂ ਵੱਲੋ ਵਿਚਾਰ ਵਟਾਂਦਰਾ ਕੀਤਾ ਗਿਆ ।ਸਬ ਕਮੇਟੀ ਦੇ ਮੈਂਬਰਾਂ ਦੀ ਹਾਜਰੀ ਵਿੱਚ (L1 Bidder/Successful bidder) ਸਬੰਧਤ ਅਜੰਸੀ ਨਾਲ Telephonic Call ਕੀਤੀ ਗਈ ਜਿਸ ਅਨੁਸਾਰ ਸਬੰਧਤ ਅਜੰਸੀ ਵੱਲੋ ਕਿਹਾ ਗਿਆ ਕਿ "ਉਸ ਵੱਲੋ ਕਿਸੇ ਹੋਰ Site ਤੇ ਕੰਮ ਸ਼ੁਰੂ ਕਰ ਲਿਆਂ ਹੈ, ਜਿਸ ਕਾਰਨ ਉਸ ਦੀ ਲੇਬਰ ਉਸ Site ਤੇ ਚਲੀ ਗਈ ਹੈ ,ਜਿਸ ਕਾਰਨ ਹੁਣ ਉਹ ਇਹ ਕੰਮ ਕਰਨ ਵਿੱਚ ਅਸਮਰਥ ਹੈ।

   ਇਸ ਲਈ ਉਸ ਵੱਲੋ ਓਪਰੋਕਤ ਦਰਸ਼ਾਏ ਕੰਮਾਂ ਦੇ ਟੈਂਡਰਾਂ ਨੂੰ ਰੱਦ ਕੀਤਾ ਜਾਵੇ ਅਤੇ ਉਸ ਵੱਲੋ Online ਜਮਾਂ ਕਰਵਾਈ EMD ਵੀ Refund ਕੀਤੀ ਜਾਵੇ ਜੀ।"

   Report ਵਾਚਣ ਉਪਰੰਤ ਮਿਸਲ ਯੋਗ ਹੁਕਮਾਂ ਹਿੱਤ ਪੇਸ਼ ਹੈ ਜੀ।

| | | |
|---|---|---|
| ਸਹੀ/- | ਸਹੀ/- | ਸਹੀ/- |
| ਨਿਗਰਾਨ ਇੰਜੀਨੀਅਰ (ਓ.ਐਂਡ.ਐਮ) | ਨਿਗਰਾਨ ਇੰਜੀਨੀਅਰ (ਓ.ਐਂਡ.ਐਮ) | ਕਾਰਜਕਾਰੀ ਇੰਜੀਨੀਅਰ(ਓ.ਐਂਡ.ਐਮ) |
| ਸਹੀ/- | ਸਹੀ/- | ਸਹੀ/- |
| ਸ੍ਰੀਮਤੀ ਸ਼ਿਖਾ ਭਗਤ (ਸੰਯੁਕਤ ਕਮਿਸ਼ਨਰ) | ਸ੍ਰੀ ਪਵਨ ਕੁਮਾਰ (ਚੇਅਰਮੈਨ ਓ.ਐਂਡ.ਐਮ ਐਡਹਾਕ ਕਮੇਟੀ) | ਡੀ.ਸੀ.ਐਫ.ਏ |

ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਵਲੋਂ ਮਿਤੀ 10.10.2022 ਰਾਹੀਂ ਲਿਖਿਆ ਹੈ ਕਿ ਉਪਰੋਕਤ ਕੰਮਾਂ ਦੇ ਤਖਮੀਨੇ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾ ਦੀ ਪ੍ਰਵਾਨਗੀ ਹੇਠ ਦਰਸ਼ਾਏ ਟੇਬਲ ਅਨੁਸਾਰ ਨਗਰ ਨਿਗਮ ਹਾਊਸ ਵੱਲੋਂ ਦਿੱਤੀ ਗਈ ਹੈ। ਟੈਂਡਰਾਂ ਨੂੰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਲਗਾਉਣ ਉਪਰੰਤ ਪ੍ਰਾਪਤ ਬਿਡਾਂ ਵਿੱਚੋ

ਜਿਆਦਾ ਸੇਵਿੰਗ ਦੇਣ ਵਾਲੀ ਅਜੰਸੀ ਨੂੰ ਅਲਾਟ ਕਰਨ ਸਬੰਧੀ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਹੇਠ ਦਰਸ਼ਾਏ ਟੇਬਲ ਅਨੁਸਾਰ ਪੇਸ਼ ਕੀਤਾ ਗਿਆ ਹੈ:-

| Sr. no | Name of Work | Est Amt | H/Reso & Date | Name of Agency | Last F&CC Reso no |
|---|---|---|---|---|---|
| 1 | Operation, Maintenance and Electrical Repair of 74 Tubewells with time Switches along with Electrical Maintenance of Zone 2 for the Period of 2 Years | 9647294/- | 129(13) 28.10.21 | SKE Engineers | 315 14.09.22 |
| 2 | Operation, Maintenance and Electrical Repair of 94 Tubewells with time Switches along with Electrical Maintenance of Zone 3 for the Period of 2 Years | 11804094/- | 129(14) 28.10.21 | SKE Engineers | 315 14.09.22 |
| 3 | Operation, Maintenance and Electrical Repair of 108 Tubewells with time Switches along with Electrical Maintenance of Zone 4 for the Period of 2 Years | 13897175/- | 129(15) 28.10.21 | SKE Engineers | 315 14.09.22 |
| 4 | Operation, Maintenance and Electrical repair of 56 nos of Tubewells and Engagement of 11 nos of Outsource Staff of Zone 7 for Period of 2 Year | 7347445/- | 51(51) 08.06.22 | Ajay Engg. Co. | 315 14.09.22 |
| 5 | Operation, Maintenance and Electrical Repair of 73 Tubewells and OHSR with time Switches along with Electrical Maintenance of Zone 6 for the Period of 2 years | 10417286/- | 129(16) 28.10.21 | SKE Engineers | 317 14.09.22 |

ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 14.9.2022 ਵਿੱਚ ਮਾਨਯੋਗ ਕਮਿਸ਼ਨਰ ਜੀ ਵੱਲੋਂ ਉਪਰੋਕਤ ਦਰਸ਼ਾਏ ਟੇਬਲ ਅਨੁਸਾਰ ਮਤੀਆਂ ਤੇ ਸੁਝਾਉ ਦਿੰਦੇ ਹੋਏ ਕੰਮਾਂ ਨੂੰ ਪ੍ਰਵਾਨ ਕਰਨ ਸਬੰਧੀ ਇਕ ਕਮੇਟੀ ਦਾ ਗਠਣ ਕਰਨ ਦੀ ਹਦਾਇਤ ਕੀਤੀ ਗਈ, ਜਿਸ ਅਨੁਸਾਰ ਗਠਿਤ ਕਮੇਟੀ ਦੇ ਮੈਂਬਰਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਅਤੇ ਐਸ.ਓ.ਪੀ ਦੀਆਂ ਗਾਈਡਲਾਇੰਜ਼ ਅਨੁਸਾਰ ਮੱਦਾ ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਦੀ ਰਿਪੋਰਟ ਉਪਰ ਦਰਸਾਈ ਗਈ ਹੈ।

ਉਪਰੋਕਤ ਦਰਸ਼ਾਏ ਟੇਬਲ ਅਤੇ ਕਮੇਟੀ ਦੇ ਮੈਂਬਰਾਂ ਵੱਲੋਂ ਦਿੱਤੀ ਰਿਪੋਰਟ ਅਨੁਸਾਰ ਮੁੜ ਕੰਮਾਂ ਦੇ ਲੰਬਿਤ ਮਤੀਆਂ ਨੂੰ ਪ੍ਰਵਾਨ ਕਰਨ ਹਿੱਤ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਇਹ ਟੈਂਡਰ ਰੱਦ ਕੀਤੇ ਜਾਂਦੇ ਹਨ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

10.11.2022